# *Punjabi*

ਕੁੱਲ ਅੰਕ: 150

ਸਮਾਂ: 3 ਘੰਟੇ

ਨੋਟ:

1) ਸਾਰੇ ਪ੍ਰਸ਼ਨ ਕਰਨੇ ਜਰੂਰੀ ਹਨ।

2) ਹਰ ਪ੍ਰਸ਼ਨ ਦੇ ਅੱਗੇ ਅੰਕਾਂ ਬਾਰੇ ਵਿਆਖਿਆ ਦਿੱਤੀ ਗਈ ਹੈ ।

1) ਹੇਠ ਲਿਖੇ ਵਿਸ਼ਿਆ ਵਿਚੋਂ ਕਿਸੇ ਇਕ ਉਤੇ ਲਗਭਗ ਇੱਕ ਹਜ਼ਾਰ ਸ਼ਬਦਾਂ ਵਿੱਚ ਨਿਬੰਧ ਲਿਖੋ। 75

(ੳ) ਇਸਤਰੀ ਵਿੱਚ ਅਸੁਰੱਖਿਆ ਦੀ ਭਾਵਨਾ

(ਅ) ਸਾਡੇ ਸਮਾਜ ਵਿੱਚ ਵਹਿਮ-ਭਰਮ

(ੲ) ਕੁਦਰਤੀ ਬਿਪਤਾਵਾਂ ਦੀ ਮਾਰ

(ਸ) ਸੰਗਤ ਦੀ ਰੰਗਤ

(ਹ) ਇੱਕ ਚੁੱਪ ਸੌ ਸੁੱਖ

2) ਹੇਠ ਲਿਖੇ ਪੈਰੇ ਦਾ ਪੰਜਾਬੀ ਅਨੁਵਾਦ ਕਰੋ। 20

What was Gandhiji's great power over the mind and heart of man due to? Even we realize that his dominating passion was truth. That truth led him to proclaim without ceasing that good ends can never be attained by evil methods, that the end itself is distorted if the method pursued is bad. That truth led him to confess publicly whenever he thought he had made a mistake-Himalayan errors he called some of his own mistakes. That truth led him to fight evil and untruth wherever he found them regardless of the consequences. That truth made the service of the poor and the dispossessed the passion of his life, for where there is inequality and discrimination and suppression there is injustice and evil and untruth. And thus he became the beloved of all those whe have suffered from social and political evils, and the great representative of humanity as it should be. Because of that truth in him whever he sat became a temple and where he trod was hallowed ground.

3) ਹੇਠ ਲਿਖਿਆ ਕਾਵਿ/ਵਾਰਤਕ ਟੁਕੜੀਆਂ ਵਿੱਚੋਂ ਕਿਸੇ ਇੱਕ ਦੀ ਵਿਆਖਿਆ ਆਪਣੇ ਸ਼ਬਦਾਂ ਵਿੱਚ ਕਰੋ:- 20

Scanned by CamScanner

(ੳ) ਕਰਮਾਂ ਦੀ ਮਹਿੰਦੀ ਦਾ ਸੱਜਣਾ
ਰੰਗ ਕਿਵੇਂ ਦਸ ਚੜ੍ਹਦਾ ਵੇ,
ਕੇ ਕਿਸਮਤ ਮਿਰਚਾਂ ਦੇ ਪੱਤਰ
ਪੀਠ ਤਲੀ ਤੇ ਲਾਏ ਵੇ।
ਗ਼ਮ ਦਾ ਮੋਤੀਆਂ ਉਤਰ ਆਇਆ,
ਸਿਦਕ ਮੇਰੇ ਦੀ ਨੈਣੀ ਵੇ,
ਪ੍ਰੀਤ-ਨਗਰ ਦਾ ਔਖਾ ਪੈਂਡਾ,
ਜ਼ਿੰਦਗੀ ਕਿੰਜ ਮੁਕਾਏ ਵੇ।

(ਅ) ਅਸੀਂ ਮੁਬਾਰਿਕ,
ਤੇਰੀ ਅੱਗ ਵਿਚ
ਪਹਿਲੋ ਪਹਿਲ ਨਹਾਤੇ
ਤੇਰੀ ਅੱਗ ਦੇ ਸਾਡੀ ਅੱਗ ਵਿਚ
ਅਜ ਤੱਕ ਬਲਣ ਮੁਆਤੇ
ਅੱਜ ਵੀ ਸਾਡੀ,
ਅੱਗ ਚੋਂ ਆਵੇ–
ਮਹਿਕ ਤੇਰੇ ਚੰਗਿਆੜੇ ਦੀ
ਮੈਂ ਸੱਜਣ ਰਿਸ਼ਮ ਰੁਪਹਿਲੀ
ਪਹਿਲੇ ਤਾਰੇ ਦੀ ।

ਸੱਜਣਾ
ਫੁੱਲ ਦੀ ਮਹਿਕ ਮਰੇ
ਫਰ ਅੱਗ ਦੀ ਮਹਿਕ ਨਾ ਮਰਦੀ
ਜਿਉਂ ਜਿਉਂ ਰੁੱਖ
ਉਮਰ ਦਾ ਸੁੱਕਦਾ,
ਦੂਣ ਸਵਾਈ ਵਧਦੀ
ਅੱਗ ਦੀ ਮਹਿਕ ਮਰੇ,
ਜੇ ਲੱਜਿਆ,
ਮਰ ਜਾਏ ਦਰਦ ਕੁਆਰੇ ਦੀ

Scanned by CamScanner

ਮੈਂ ਸੱਜਣ ਰਿਸ਼ਮ ਰੁਪਹਿਲੀ

ਪਹਿਲੇ ਤਾਰੇ ਦੀ !

4) ਹੇਠ ਲਿਖੇ ਮੁਹਾਵਾਰਿਆਂ/ਅਖਾਣਾਂ ਵਿਚੋਂ ਕਿਸੇ ਪੰਜਾ ਨੂੰ ਅਜਿਹੇ ਢੰਗ ਨਾਲ ਵਾਕਾਂ ਵਿਚ ਵਰਤੋਂ ਕਿ ਉਹਨਾਂ ਦੇ ਅਰਥ ਸਪੱਸ਼ਟ ਹੋ ਜਾਣ। 10

(ੳ) ਸੱਪਾਂ ਨੂੰ ਦੁੱਧ ਪਲਾਉਣਾ

(ਅ) ਉਲਟੀ ਗੰਗਾ ਬਹਾਉਣਾ

(ੲ) ਗਲ ਪਿਆ ਢੋਲ ਵਜਾਉਣਾ

(ਸ) ਤਰੇਲੀਆਂ ਛੁੱਟਣੀਆਂ

(ਹ) ਕੌਡੀਓ ਖੋਟੇ

(ਕ) ਗੰਗਾ ਨਹਾਉਣਾ

(ਖ) ਨੱਕ ਉਤੇ ਮੱਖੀ ਨਾ ਬਹਿਣ ਦੇਣਾ

(ਗ) ਢੇਰੀ ਢਾਉਣੀ

(ਘ) ਵੇਲੇ ਨੂੰ ਰੋਣਾ

(ਙ) ਦੰਦ ਪੀਹਣੇ

5) (ੳ) (,) ਵਿਸ਼ਰਾਮ ਚਿੰਨ ਨੂੰ ________________ ਕਹਿੰਦੇ ਹਨ। 5

(ਅ) (!) ਵਿਸ਼ਰਾਮ ਚਿੰਨ ਨੂੰ ________________ ਕਹਿੰਦੇ ਹਨ।

(ੲ) (?) ਵਿਸ਼ਰਾਮ ਚਿੰਨ ਨੂੰ ________________ ਕਹਿੰਦੇ ਹਨ।

(ਸ) (।) ਵਿਸ਼ਰਾਮ ਚਿੰਨ ਨੂੰ ________________ ਕਹਿੰਦੇ ਹਨ।

(ਹ) (" ") ਵਿਸ਼ਰਾਮ ਚਿੰਨ ਨੂੰ ________________ ਕਹਿੰਦੇ ਹਨ।

6) ਮੂਲ ਸ਼ਬਦਾਂ ਨਾਲ ਹੇਠ ਅਗੇਤਰ ਲਾ ਕੇ ਸ਼ਬਦ ਬਣਾਓ। 5

(1) ਉਪ (2) ਹਮ (3) ਬਦ (4) ਜਨ (5) ਅਧ

7) ਮੂਲ ਸ਼ਬਦਾਂ ਨਾਲ ਹੇਠ ਲਿਖੇ ਪਛੇਤਰ ਲਾ ਕੇ ਸ਼ਬਦ ਬਣਾਓ । 5

(1) ਅਵਲੀ (2) ਚਾਰੀ (3) ਆਲੂ (4) ਗਾਰ (5) ਹਾਰਾ

8) ਹੇਠ ਲਿਖੇ ਸ਼ਬਦਾਂ ਦਾ ਵਿਰੋਧੀ ਸ਼ਬਦ ਲਿਖੋ । 5

(1) ਔਖਾ (2) ਉਰਲਾ (3) ਲੋਕ (4) ਢਿੱਲਾ (5) ਉਪਰ

9) ਹੇਠ ਲਿਖੇ ਸ਼ਬਦਾਂ ਨੂੰ ਸੁੱਧ ਕਰਕੇ ਲਿਖੋ। 5

(1) ਸਹਿਨਾ (2) ਨਤ੍ਰਰ (3) ਸੰਤਰਿ (4) ਸ਼ੈਹਰ (5) ਗਯਾਨ

Scanned by CamScanner